ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ
(ਦ:ਮੁੱਖ/ਪ੍ਰਬੰਧਕੀ ਤੇ ਆਈ ਆਰ ਉਦਯੋਗਿਕ ਸੰਪਰਕ ਸ਼ਾਖਾ, ਪਟਿਆਲਾ)

ਵੱਲ

1) ਸਮੂਹ ਜਨਰਲ ਮੈਨੇਜਰ,ਇੰਜੀ:ਇਨ ਚੀਫ, ਮੁੱਖ ਇੰਜੀ: ਅਧੀਨ ਪੰ:ਰਾ:ਪਾ:ਕਾ: ਲਿਮਟਿਡ।
2) ਸਮੂਹ ਇੰਜੀ:ਇਨ ਚੀਫ, ਮੁੱਖ ਇੰਜੀ: ਅਧੀਨ ਪੰ:ਰਾ:ਟ:ਕਾ:ਲਿਮਟਿਡ।
3) ਸਮੂਹ ਉਪ ਮੁੱਖ ਇੰਜੀ:/ਨਿਗਰਾਨ ਇੰਜੀ:/ਵਧੀਕ ਨਿਗਰਾਨ ਇੰਜੀ:/ ਸੀਨੀ:ਕਾ:ਕਾ: ਇੰਜੀ:/ ਸਹਾ:ਕਾ: ਕਾ:ਇੰਜੀ:/ ਅਧੀਨ ਪੰ:ਰਾ:ਪਾ:ਕਾ:ਲਿ:/ਪੰ:ਰਾ:ਟ:ਕਾ:ਲਿ:।

ਮੀਮੋ ਨੰ: 161942/163042/ਆਈ.ਆਰ. ੳ.-404
ਮਿਤੀ: 8 /12/2011

ਵਿਸ਼ਾ:- ਠੇਕੇ ਉੱਤੇ ਕੰਮ ਕਰਨ ਵਾਲੇ ਕਿਰਤੀਆਂ/ਕਰਮਚਾਰੀਆਂ ਨੂੰ ਕਾਨੂੰਨ ਅਨੁਸਾਰ ਪੂਰੀਆਂ ਸਹੂਲਤਾਂ ਦੇਣ ਬਾਰੇ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਮੁੱਖ ਸਕੱਤਰ/ਪੰਜਾਬ ਸਰਕਾਰ ਜੀ ਵੱਲੋਂ ਠੇਕੇ ਤੇ ਕੰਮ ਕਰਦੇ ਕਰਮਚਾਰੀਆਂ ਨੂੰ ਕਿਰਤ ਕਾਨੂੰਨਾਂ ਅਧੀਨ ਸਹੂਲਤਾਂ ਦੇਣ ਬਾਰੇ ਪੱਤਰ ਨੰ: ਅ:ਸ:ਪੱ:ਨੰ: ਪ੍ਰ:ਸ/ਕਿ.ਕ.21/37/11-2ਕੇ (ਕਾਪੀ ਪਿੱਛੇ ਨੱਥੀ ਹੈ) ਜੋ ਕਿ ਕਿਰਤ ਇੰਸਪੈਕਟਰ ਗ੍ਰੇਡ-1, ਪਟਿਆਲਾ ਦੇ ਪੱਤਰ ਨੰ:961-68 ਮਿਤੀ 2.12.11 ਰਾਹੀਂ ਪ੍ਰਾਪਤ ਹੋਇਆ ਹੈ। ਆਪਜੀ ਨੂੰ ਭੇਜਦੇ ਹੋਏ ਮੁੱਖ ਸਕੱਤਰ, ਪੰਜਾਬ ਸਰਕਾਰ ਜੀ ਦੇ ਹੁਕਮਾਂ ਦੀ ਇੰਨ ਬਿੰਨ ਪਾਲਣਾ ਕਰਦੇ ਹੋਏ ਇਸ ਦਫਤਰ ਵਿਖੇ ਮਿਤੀ 15.12.11 ਤੋਂ ਪਹਿਲਾਂ ਪਹਿਲਾਂ ਸੂਚਿਤ ਕਰਨ ਦੀ ਖੇਚਲ ਕੀਤੀ ਜਾਵੇ ਜੀ, ਤਾਂ ਜੋ ਉਸ ਅਨੁਸਾਰ ਸਰਕਾਰ ਨੂੰ ਰਿਪੋਰਟ ਭੇਜੀ ਜਾ ਸਕੇ।
ਨੱਥੀ/ਉਪਰੋਕਤ ਅਨੁਸਾਰ(ਪਿਛਲੇ ਪੰਨੇ ਤੇ)।

ਮੁੱਖ/ਪ੍ਰਬੰਧਕੀ ਤੇ ਆਈ.ਆਰ.,
ਪੰ:ਰਾ:ਪਾ:ਕਾ:ਲਿ:, ਪਟਿਆਲਾ।

ਪਿੱਠਅੰਕਣ ਨੰ:163042/163392/ਆਈ.ਆਰ.ੳ-404, ਮਿਤੀ: 8 /12/2011
ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ਜੀ:--

1) ਡਾਇਰੈਕਟਰ/ਜਨਰਲ ਵੀ ਤੇ ਐਸ, ਪੰ:ਰਾ:ਪਾ:ਕਾ:ਲਿਮ:, ਪਟਿਆਲਾ।
2) ਵਿੱਤ ਸਲਾਹਕਾਰ/ਵਿੱਤ,ਪਾਵਰਕਾਮ ਅਤੇ ਟਰਾਂਸਕੋ ਮੁੱਖ ਕਾਸਟ ਕੰਟਰੋਲਰ ਅਤੇ ਰਿਡਕਸ਼ਨ, ਪੰ:ਰਾ:ਪਾ:ਕਾ:ਲਿ: ਪਟਿਆਲਾ।
ਮੁੱਖ ਲੇਖਾ ਅਫਸਰ/ਮੁੱਖ ਲੇਖਾ ਅਫਸਰ(ਰੈਵ:)/ਮੁੱਖ ਪੜਤਾਲਕਾਰ,ਪੰ:ਰਾ:ਪਾ:ਕਾ:ਲਿ: ਪਟਿਆਲਾ।
ਮੁੱਖ ਲੇਖਾ ਅਫਸਰ/ਕਾਰਪੋਰੇਟ ਅਕਾਊਂਟਸ, ਪੰ:ਰਾ:ਟ:ਕਾ:ਲਿ:, ਪਟਿਆਲਾ।
3) ਕਾਨੂੰਨੀ ਸਲਾਹਕਾਰ, ਪੰ:ਰਾ:ਪਾ:ਕਾ:ਲਿਮ:ਪਟਿਆਲਾ।
4) ਸੀਨੀ:ਕਾ:ਕਾ: ਇੰਜੀ:/ਕੋਆਰਡੀਨੇਸ਼ਨ, ਪੰ:ਰਾ:ਪਾ:ਕਾ:ਲਿਮ:, ਨਵੀਂ ਦਿੱਲੀ।
5) ਕੰਪਨੀ ਸਕੱਤਰ/ਪੰ:ਰਾ:ਪਾ:ਕਾ:ਲਿ: ਅਤੇ ਪੰ:ਰਾ:ਟ:ਕਾ:ਲਿ:, ਪਟਿਆਲਾ।
6) ਸਮੂਹ ਉਪ ਸਕੱਤਰ/ਸੀਨੀ:ਪੀ.ਐਸ./ਪੀ.ਐਸ. ਟੂ ਡਾਇਰੈਕਟਰਜ਼, ਪੰ:ਰਾ:ਪਾ:ਕਾ: ਲਿ:/ਪੰ:ਰਾ: ਟ: ਕਾ:ਲਿਮਟਿਡ।
7) ਸਮੂਹ ਉਪ ਸਕੱਤਰ/ਅਧੀਨ ਸਕੱਤਰ, ਪਾਵਰਕਾਮ/ਟਰਾਂਸਕੋ।
8) ਸਮੂਹ ਮੁੱਖ ਭਲਾਈ ਅਫਸਰ/ਕਿਰਤ ਭਲਾਈ ਅਫਸਰ/ਸਹਾ: ਕਿਰਤ ਭਲਾਈ ਅਫਸਰ ਪੰ:ਰਾ: ਪਾ: ਲਿਮਟਿਡ/ਪੰ:ਰਾ:ਟ:ਕਾ:ਲਿਮਟਡ।
9) ਕਿਰਤ ਇੰਸਪੈਕਟਰ ਗ੍ਰੇਡ I ਪਟਿਆਲਾ ਜੀ ਨੂੰ ਉਹਨਾਂ ਦੇ ਪੱਤਰ ਨੰ: 961-68 ਮਿਤੀ 6-12-11 ਦੇ ਹਵਾਲੇ ਵਿਚ।

ਕਿਰਤ ਭਲਾਈ ਅਫਸਰ,
ਪੰ:ਰਾ:ਪਾ:ਕਾ:ਲਿ:, ਪਟਿਆਲਾ।

ਸੀ.ਸੀ.

ਨਿਗਰਾਨ ਇੰਜੀ:/ਆਈ.ਟੀ. ਪਾਵਰਕਾਮ , ਪਟਿਆਲਾ ਜੀ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਇਹਨਾਂ ਹਦਾਇਤਾਂ ਨੂੰ ਵੈਬਸਾਈਟ ਤੇ ਪਾਇਆ ਜਾਵੇ ਜੀ।

S.C. Agrawal
ਐਸ. ਸੀ. ਅਗਰਵਾਲ

Chief Secretary to Govt. of Punjab
Chandigarh - 160 001

ਮੁੱਖ ਸਕੱਤਰ, ਪੰਜਾਬ ਸਰਕਾਰ
ਚੰਡੀਗੜ੍ਹ - 160 001

Phone/ਫੋਨ : 0172-2740156, 2740860
Fax/ਫੈਕਸ : 2742488
E mail : cs@punjab.gov.in

ਮਿਤੀ, ਚੰਡੀਗੜ੍ਹ:

ਵਿਸ਼ਾ:- ਠੇਕੇ ਉਤੇ ਕੰਮ ਕਰਨ ਵਾਲੇ ਕਿਰਤੀਆਂ/ਕਰਮਚਾਰੀਆਂ ਨੂੰ ਕਾਨੂੰਨ ਅਨੁਸਾਰ ਪੂਰੀਆਂ ਸਹੂਲਤਾਂ ਦੇਣ ਬਾਰੇ।

ਪਿਆਰੇ ਪ੍ਰਬੰਧਕੀ ਸਕੱਤਰ,

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਮੇਰੇ ਧਿਆਨ ਵਿੱਚ ਇਹ ਗੱਲ ਆਈ ਹੈ ਕਿ ਸਰਕਾਰੀ ਦਫਤਰਾਂ ਵਿੱਚ ਠੇਕੇ ਤੇ ਕੰਮ ਕਰਵਾਉਣ ਵੇਲੇ ਜੋ ਕੁਟੇਸ਼ਨਾਂ ਮੰਗੀਆਂ ਜਾਂਦੀਆਂ ਹਨ, ਉਨ੍ਹਾਂ ਵਿੱਚ ਆਮ ਤੌਰ ਤੇ ਉਸ ਠੇਕੇਦਾਰ ਨੂੰ ਤਰਜੀਹ ਦਿੱਤੀ ਜਾਂਦੀ ਹੈ ਜਿਸ ਨੇ ਸਭ ਤੋਂ ਘੱਟ ਰੇਟ ਭਰੇ ਹੁੰਦੇ ਹਨ, ਪਰ ਇਸ ਗੱਲ ਵੱਲ ਧਿਆਨ ਨਹੀਂ ਦਿੱਤਾ ਜਾਂਦਾ ਕਿ ਉਸ ਰੇਟ ਤੇ ਠੇਕੇਦਾਰ ਵੱਲੋਂ ਕਿਰਤੀਆਂ/ਕਰਮਚਾਰੀਆਂ ਨੂੰ ਕਿਰਤ ਕਾਨੂੰਨ ਅਨੁਸਾਰ ਉਨ੍ਹਾਂ ਦੀ ਘੱਟੋ ਘੱਟ ਉਜਰਤ ਅਤੇ ਹੋਰ ਕਾਨੂੰਨੀ ਲਾਭ ਜਿਵੇਂ ਕਿ ਪ੍ਰੋਵੀਡੈਂਟ ਫੰਡ ਅਤੇ ਈ.ਐਸ.ਆਈ. ਦੀ ਸਹੂਲਤ ਵੀ ਦਿੱਤੀ ਜਾਣੀ ਹੁੰਦੀ ਹੈ। ਨਤੀਜੇ ਵਜੋਂ ਸਰਵਿਸ ਪ੍ਰੋਵਾਈਡਰ ਨਾਲ ਘੱਟ ਰੇਟ ਤੇ ਇਕਰਾਰ ਹੋਣ ਕਾਰਣ ਉਹ ਕਿਰਤੀਆਂ ਦਾ ਨਾ ਤਾਂ ਪ੍ਰੋਵੀਡੈਂਟ ਫੰਡ ਅਤੇ ਨਾ ਈ.ਐਸ.ਆਈ. ਅੰਸ਼ਦਾਨ ਸਬੰਧਤ ਵਿਭਾਗਾਂ ਪਾਸ ਜਮ੍ਹਾਂ ਕਰਾਉਂਦਾ ਹੈ, ਜਿਸ ਨਾਲ ਕਿਰਤੀਆਂ ਨੂੰ ਇਨ੍ਹਾਂ ਕਿਰਤ ਕਾਨੂੰਨਾਂ ਦਾ ਲਾਭ ਨਹੀਂ ਮਿਲਦਾ। ਬਹੁਤ ਵਾਰੀ ਤਾਂ ਠੇਕੇਦਾਰ ਕਿਰਤੀਆਂ ਨੂੰ ਸਰਕਾਰ ਵੱਲੋਂ ਨਿਰਧਾਰਤ ਪੂਰੀ ਉਜਰਤ ਵੀ ਨਹੀਂ ਦਿੰਦਾ ਤੇ ਨਾ ਹੀ ਉਹ ਕਿਰਤੀਆਂ ਦਾ ਬਣਦਾ ਬੋਨਸ, ਗਰੈਚੂਟੀ, ਮੈਟਰਨਿਟੀ ਲੀਵ ਤੇ ਹੋਰ ਛੁੱਟੀਆਂ ਆਦਿ ਦਿੰਦਾ ਹੈ। ਇਸ ਤਰ੍ਹਾਂ ਉਸ ਵੱਲੋਂ ਕਿਰਤੀਆਂ ਦਾ ਸੋਸ਼ਣ ਕਰਕੇ ਕਿਰਤ ਕਾਨੂੰਨਾਂ ਦੀ ਘੋਰ ਉਲੰਘਣਾ ਕੀਤੀ ਜਾਂਦੀ ਹੈ।

2. ਵੱਖ ਵੱਖ ਕਿਰਤ ਕਾਨੂੰਨਾਂ ਅਧੀਨ ਕਿਰਤੀਆਂ ਨੂੰ ਜੋ ਲਾਭ ਉਨ੍ਹਾਂ ਦੀ ਪਾਤਰਤਾ ਅਨੁਸਾਰ ਮਿਲਣੇ ਹਨ, ਬਾਰੇ ਅਨੁਲੱਗ ਵਿੱਚ ਦਰਸਾਇਆ ਗਿਆ ਹੈ। ਠੇਕੇਦਾਰ ਨਾਲ ਰੇਟ ਤਹਿ ਕਰਦੇ ਸਮੇਂ ਇਨ੍ਹਾਂ ਕਿਰਤ ਕਾਨੂੰਨਾਂ ਨੂੰ ਧਿਆਨ ਵਿੱਚ ਰੱਖ ਲਿਆ ਜਾਵੇ। ਠੇਕੇ ਤੇ ਕੰਮ ਕਰਾਉਣ ਕਰਕੇ ਵਿਭਾਗਾਂ ਤੇ ਕੰਟਰੈਕਟ ਲੇਬਰ ਐਕਟ, 1970 ਲਾਗੂ ਹੋ ਜਾਂਦਾ ਹੈ। ਜੇਕਰ 20 ਜਾਂ 20 ਤੋਂ ਵੱਧ ਕਰਮਚਾਰੀ ਠੇਕੇਦਾਰ ਰਾਹੀਂ ਕੰਮ ਤੇ ਲਗਾਏ ਗਏ ਹੋਣ ਤਾਂ ਵਿਭਾਗ ਦੀ ਬਤੌਰ ਪ੍ਰਿੰਸੀਪਲ ਇੰਪਲਾਇਰ ਜੁੰਮੇਵਾਰੀ ਬਣ ਜਾਂਦੀ ਹੈ ਕਿ ਉਹ ਠੇਕੇਦਾਰ ਪਾਸੋਂ ਕਿਰਤੀਆਂ ਨੂੰ ਕਿਰਤ ਕਾਨੂੰਨਾਂ ਅਧੀਨ ਬਣਦੇ ਲਾਭ ਦਿਵਾਉਣਾ ਸੁਨਿਸ਼ਚਿਤ ਕਰੇ, ਕਿਉਂਜੋ ਠੇਕੇਦਾਰ ਵੱਲੋਂ ਇਹ ਲਾਭ ਨਾ ਦੇਣ ਤੇ ਸਬੰਧਤ ਵਿਭਾਗ ਨੂੰ ਦੇਣੇ ਪੈ ਸਕਦੇ ਹਨ।

3. ਉਪਰੋਕਤ ਤੱਥਾਂ ਨੂੰ ਮੁੱਖ ਰੱਖਦੇ ਹੋਏ ਭਵਿੱਖ ਵਿੱਚ ਇਸ ਗੱਲ ਦਾ ਧਿਆਨ ਰੱਖਿਆ ਜਾਵੇ ਕਿ ਜਿਸ ਠੇਕੇਦਾਰ ਵੱਲੋਂ ਕਿਰਤ ਕਾਨੂੰਨ ਅਨੁਸਾਰ ਕਿਰਤੀਆਂ ਨੂੰ ਦਿੱਤੇ ਜਾਣ ਵਾਲੇ ਲਾਭਾਂ ਨੂੰ ਧਿਆਨ ਵਿੱਚ ਨਾ ਰੱਖ ਕੇ ਘੱਟ ਰੇਟ ਭਰੇ ਜਾਂਦੇ, ਉਸ ਦੀ ਕੁਟੇਸ਼ਨ ਮੌਕੇ ਤੇ ਹੀ ਰੱਦ ਕਰ ਦਿੱਤੀ ਜਾਵੇ ਅਤੇ ਜੋ ਠੇਕੇਦਾਰ ਕਾਨੂੰਨ ਅਨੁਸਾਰ ਕਿਰਤੀਆਂ/ਕਰਮਚਾਰੀਆਂ ਨੂੰ ਸਾਰੇ ਲਾਭ ਦੇ ਸਕਦਾ ਹੈ, ਉਸ ਨਾਲ ਹੀ ਰੇਟ ਫਾਈਨਲ ਕੀਤਾ ਜਾਵੇ।

ਆਦਰ ਸਹਿਤ,

ਹਿਤੂ,

(ਐਸ. ਸੀ. ਅਗਰਵਾਲ)

ਸ੍ਰੀ ਆਰ.ਸੀ. ਨਈਅਰ, ਆਈ.ਏ.ਐਸ.,
ਪ੍ਰਮੁੱਖ ਸਕੱਤਰ ਪੰਜਾਬ ਸਰਕਾਰ,
ਕਿਰਤ ਵਿਭਾਗ, ਚੰਡੀਗੜ੍ਹ।